ਪੰਜਾਬ ਸਰਕਾਰ

ਸਿੱਖਿਆ ਵਿਭਾਗ

(ਸਿੱਖਿਆ-5 ਸ਼ਾਖਾ)

ਹੁਕਮ ਨੰ: SED-EDU5020/59/2025-4EDU5/1160631 ਮਿਤੀ, ਚੰਡੀਗੜ੍ਹ 25 ਜੁਲਾਈ, 2025

ਸਿਵਲ ਰਿੱਟ ਪਟੀਸ਼ਨ ਨੰਬਰ 5417 ਆਫ 2020 - ਦੀਪ ਰਾਜਾ ਅਤੇ ਹੋਰ ਬਨਾਮ ਪੰਜਾਬ ਸਰਕਾਰ, ਸਿ.ਰਿ.ਪ .ਨੰਬਰ 9204 ਆਫ 2024 - ਕਿਰਤੀ ਵਿਜ਼ਨ ਅਤੇ ਹੋਰ ਬਨਾਮ ਪੰਜਾਬ, ਸਿ.ਰਿ.ਪ.ਨੰ: 9613 ਆਫ 2024 - ਅਸ਼ਵਨੀ ਕੁਮਾਰ ਅਤੇ ਹੋਰ ਬਨਾਮ ਪੰਜਾਬ ਸਰਕਾਰ ਅਤੇ ਸਿ. ਰਿ.ਪ. ਨੰਬਰ 9915 ਆਫ 2024 - ਸੰਦੀਪ ਸਿੰਘ ਅਤੇ ਹੋਰ ਬਨਾਮ ਪੰਜਾਬ ਸਰਕਾਰ ਕੇਸਾਂ ਵਿੱਚ ਮਾਨਯੋਗ ਕੋਰਟ ਦੇ ਫੈਸਲੇ ਮਿਤੀ 01-05-2024 ਅਤੇ 14-05-2024 ਦੇ ਸਨਮੁੱਖ ਵਿਭਾਗ ਵੱਲੋਂ ਮਿਤੀ 26-02-2025 ਰਾਹੀਂ ਪਟੀਸ਼ਨਰਜ਼ ਅਤੇ 5178 ਭਰਤੀ ਅਧੀਨ ਕੰਮ ਕਰ ਰਹੇ ਸਾਰੇ ਕਰਮਚਾਰੀਆਂ ਨੂੰ ਪਰਖਕਾਲ ਸਮੇਂ ਦੌਰਾਨ ਪੂਰੀ ਤਨਖਾਹ ਦੇਣ ਸਬੰਧੀ ਹੁਕਮ ਜਾਰੀ ਕੀਤੇ ਗਏ ਸਨ।

2 ਵਿਭਾਗ ਵੱਲੋਂ ਉਪਰੋਕਤ ਕੀਤੇ ਗਏ ਹੁਕਮ, ਵਿੱਤ ਵਿਭਾਗ ਦੀ ਸਲਾਹ ਮਿਤੀ 10-02-2025 ਅਨੁਸਾਰ ਜਾਰੀ ਕੀਤੇ ਗਏ ਸਨ,ਜਿਸ ਵਿੱਚ ਉਨ੍ਹਾਂ ਵੱਲੋਂ ਹੇਠ ਅਨੁਸਾਰ ਸਲਾਹ ਦਿੱਤੀ ਗਈ ਸੀ-

> "ਇਸ ਕੇਸ ਦੇ ਪਟੀਸ਼ਨਰਾਂ ਤੇ ਵਿੱਤ ਵਿਭਾਗ ਦੀਆਂ ਹਦਾਇਤਾਂ ਮਿਤੀ 15-01-2015 ਦੇ ਲਾਗੂ ਹੋਣ ਜਾਂ ਨਾਂ ਹੋਣ ਸਬੰਧੀ ਫੈਸਲਾ ਪ੍ਰਬੰਧਕੀ ਵਿਭਾਗ ਦੇ ਪੱਧਰ ਤੇ ਉਨ੍ਹਾਂ ਵੱਲੋਂ CMM ਦੀ ਪ੍ਰਵਾਨਗੀ ਪ੍ਰਾਪਤ ਕਰਨ ਉਪਰੰਤ ਜਾਰੀ ਨੋਟੀਫਿਕੇਸ਼ਨ ਮਿਤੀ 07-03-2019 ਨੂੰ ਧਿਆਨ ਵਿੱਚ ਰੱਖਦੇ ਹੋਏ ਹੀ ਲਿਆ ਜਾ ਸਕਦਾ ਹੈ। ਜਿੱਥੋਂ ਤੱਕ ਵਿੱਤ ਵਿਭਾਗ ਵੱਲੋਂ ਜਾਰੀ ਹਦਾਇਤਾਂ ਮਿਤੀ 15-01-2015 ਦਾ ਸਬੰਧ ਹੈ, ਉਹ ਰਾਜ ਦੇ ਸਾਰੇ ਕਰਮਚਾਰੀਆਂ ਤੇ ਲਾਗੂ ਹਨ ਅਤੇ ਇਸ ਸਬੰਧ ਵਿੱਚ ਪੰਜਾਬ ਸੀ.ਐਸ.ਆਰ vol-I ਵਿੱਚ ਉਪਬੰਧ ਕੀਤਾ ਹੋਇਆ ਹੈ"।

3. ਮਾਨਯੋਗ ਕੋਰਟ ਵੱਲੋਂ ਸਿਵਲ ਰਿੱਟ ਪਟੀਸ਼ਨ ਨੰਬਰ 5417 ਆਫ 2020 - ਦੀਪ ਰਾਜਾ ਅਤੇ ਹੋਰ ਵਿੱਚ ਮਿਤੀ 1.5.2024 ਨੂੰ ਦਿੱਤੇ ਗਏ ਫੈਸਲੇ ਦੀ ਤਰਜ਼ ਤੇ ਹੋਰ ਸਿਵਲ ਰਿੱਟ ਪਟੀਸ਼ਨਜ਼, ਜਿਵੇਂ ਕਿ ਸਿਵਲ ਰਿੱਟ ਪਟੀਸ਼ਨ ਨੰਬਰ 32697 ਆਫ 2024 - ਗੁਰਪ੍ਰੀਤ ਪਾਲ ਅਤੇ ਹੋਰ ਵਿਚ ਮਿਤੀ 4.12.2024 ਨੂੰ ,ਸਿਵਲ ਰਿੱਟ ਪਟੀਸ਼ਨ ਨੰਬਰ 32047 ਆਫ 2024 - ਦੇਵਿੰਦਰ ਸਿੰਘ ਅਤੇ ਹੋਰ ਵਿਚ ਮਿਤੀ 28.11.2024 ਨੂੰ, ਸਿਵਲ ਰਿੱਟ ਪਟੀਸ਼ਨ ਨੰਬਰ 13019 ਆਫ 2024 - ਬੇਅੰਤ ਸਿੰਘ ਅਤੇ ਹੋਰ ਵਿਚ ਮਿਤੀ 29.05.2024 ਨੂੰ, ਸਿਵਲ ਰਿੱਟ ਪਟੀਸ਼ਨ ਨੰਬਰ 5583 ਆਫ 2025 - ਰਘਵੀਰ ਸਿੰਘ ਵਿੱਚ ਮਿਤੀ 28.02.2025 ਨੂੰ ਫੈਸਲਾ ਦਿੱਤਾ ਜਾ ਚੁੱਕਾ ਹੈ, ਅਤੇ ਸਿਵਲ ਰਿੱਟ ਪਟੀਸ਼ਨ ਨੰਬਰ 14307 ਆਫ 2020 ਲਖਵੀਰ ਸਿੰਘ ਅਤੇ ਹੋਰ (ਪੈਂਡਿੰਗ) ਵਿੱਚ ਫੈਸਲਾ ਦਿੱਤਾ ਜਾ ਸਕਦਾ ਹੈ।

4. ਸਿਵਲ ਰਿੱਟ ਪਟੀਸ਼ਨ ਨੰਬਰ 4382 ਆਫ਼ 2002 - ਸਤਬੀਰ ਸਿੰਘ ਅਤੇ ਹੋਰ ਬਨਾਮ ਹਰਿਆਣਾ ਰਾਜ ਦੇ ਫੈਸਲੇ ਦੇ ਆਧਾਰ 'ਤੇ, ਪੰਜਾਬ ਸਰਕਾਰ , ਪ੍ਰਸੋਨਲ ਵਿਭਾਗ ਵੱਲੋਂ ਸਰਕੂਲਰ ਨੰਬਰ 12/39/02-5PP2/-10960 ਮਿਤੀ 12.06.2003 ਜਾਰੀ ਕਰਕੇ ਇੱਕ ਕਮੇਟੀ ਦਾ ਗਠਨ ਕੀਤਾ ਗਿਆ ਹੈ, ਜੋ ਉਨ੍ਹਾਂ ਦਾਵਿਆਂ ਤੇ ਵਿਚਾਰ ਕਰੇਗੀ ਜੋ ਇਕੋ ਜਿਹੀਆਂ ਸਥਿਤੀਆਂ ਅਤੇ ਕਾਨੂੰਨੀ ਅਧਾਰਾਂ 'ਤੇ ਆਧਾਰਤ ਹਨ, ਜਿਥੇ ਅਦਾਲਤ ਦੇ ਹੁਕਮ ਅੰਤਿਮ ਹੋ ਚੁੱਕੇ ਹਨ।ਇਸੇ ਤਰ੍ਹਾਂ, ਭਾਰਤ ਦੇ ਮਾਣਯੋਗ ਸੁਪਰੀਮ ਕੋਰਟ ਵੱਲੋਂ 17 ਅਕਤੂਬਰ 2014 ਨੂੰ ਦਿੱਤੇ ਗਏ ਇੱਕ ਫੈਸਲੇ ਵਿਚ ਕਿਹਾ ਗਿਆ ਹੈ ਕਿ ਆਮ ਨਿਯਮ ਇਹ ਹੈ ਕਿ ਜਦੋ ਕਿਸੇ ਖਾਸ ਵਰਗ ਦੇ ਕਰਮਚਾਰੀਆਂ ਨੂੰ ਅਦਾਲਤ ਵੱਲੋਂ ਰਾਹਤ ਦਿੱਤੀ ਜਾਂਦੀ ਹੈ ਤਾਂ ਹੋਰ ਸਾਰੇ ਇਕੋ ਜਿਹੀ ਸਥਿਤੀ ਵਾਲੇ ਵਿਅਕਤੀਆਂ ਨੂੰ ਵੀ ਉਹ ਫਾਇਦਾ ਦਿੱਤਾ ਜਾਣਾ ਚਾਹੀਦਾ ਹੈ। ਇਹ ਨਾ ਕਰਨਾ, ਭੇਦਭਾਵ ਹੋਵੇਗਾ ਅਤੇ ਭਾਰਤ ਦੇ ਸੰਵਿਧਾਨ ਦੇ ਆਰਟੀਕਲ 14 ਦੀ ਉਲੰਘਣਾ ਹੋਵੇਗੀ।

5. ਇਹ ਅਸੂਲ ਸਰਵਿਸ ਮਾਮਲਿਆਂ ਵਿੱਚ ਹੋਰ ਜ਼ਿਆਦਾ ਸਖ਼ਤੀ ਨਾਲ ਲਾਗੂ ਕੀਤਾ ਜਾਣਾ ਚਾਹੀਦਾ ਹੈ, ਕਿਉਂਕਿ ਸਰਵਿਸ jurisprudence (ਕਾਨੂੰਨੀ ਸਿਧਾਂਤਾਂ ਦਾ ਗਿਆਨ), ਜੋ ਇਸ ਮਾਣਯੋਗ ਅਦਾਲਤ ਵੱਲੋਂ ਸਮੇਂ-ਸਮੇਂ 'ਤੇ ਵਿਕਸਤ ਕੀਤਾ ਗਿਆ ਹੈ, ਇਹ ਦੱਸਦਾ ਹੈ ਕਿ ਸਾਰੇ ਇਕੋ ਜਿਹੇ ਸਥਿਤੀ ਵਾਲੇ ਵਿਅਕਤੀਆਂ ਨਾਲ ਇੱਕੋ ਜਿਹੀ ਤਰ੍ਹਾਂ ਵਿਹਾਰ

ਕੀਤਾ ਜਾਣਾ ਚਾਹੀਦਾ ਹੈ। ਇਸ ਲਈ ਆਮ ਨਿਯਮ ਇਹ ਹੋਵੇਗਾ ਕਿ ਕੇਵਲ ਇਸ ਗੱਲ ਕਾਰਨ ਕਿ ਹੋਰ ਇਕੋ ਜਿਹੀ ਸਥਿਤੀ ਵਾਲੇ ਵਿਅਕਤੀਆਂ ਨੇ ਪਹਿਲਾਂ ਅਦਾਲਤ ਦਾ ਰੁਖ ਨਹੀਂ ਕੀਤਾ, ਉਨ੍ਹਾਂ ਨਾਲ ਵੱਖਰਾ ਵਿਹਾਰ ਨਹੀਂ ਕੀਤਾ ਜਾ ਸਕਦਾ।

6. ਦੱਸਣਯੋਗ ਹੈ ਕਿ Punjab Dispute Resolution & Litigation Policy ਮਿਤੀ 25-06-2020 ਦੇ ਪੁਆਇੰਟ 6.6 (III) ਅਨੁਸਾਰ

> "Where employee's matters are already covered by judgment that have attained finality, the competent authority shall take a decision or to grant the same relief/benefits to the other similarly placed members of the cadre, whose claims are based on similar facts and points of law."

7. ਉਪਰੋਕਤ ਸਥਿਤੀ ਦੇ ਸਨਮੁੱਖ ਸਿਵਲ ਰਿੱਟ ਪਟੀਸ਼ਨ ਨੰ: 5417 ਆਫ 2020 ਦੀਪ ਰਾਜਾ ਅਤੇ ਹੋਰ ਬਨਾਮ ਪੰਜਾਬ ਸਰਕਾਰ ਵਿਚ ਮਿਤੀ 1.05.2024 ਹੋਏ ਫੈਸਲੇ ਤੇ ਵਿੱਤ ਵਿਭਾਗ ਵਲੋਂ ਪ੍ਰਾਪਤ ਸਲਾਹ ਮਿਤੀ 10.02.2025, Punjab Dispute Resolution & Litigation Policy ਮਿਤੀ 25-06-2020 ਦੇ ਪੁਆਇੰਟ 6.6 (III) ਅਤੇ ਮਾਨਯੋਗ ਕੋਰਟ ਵਲੋਂ ਵੱਖ ਵੱਖ ਸਿਵਲ ਰਿੱਟ ਪਟੀਸ਼ਨਾਂ ਨੰ: 32697 ਆਫ 2024 ਗੁਰਪ੍ਰੀਤ ਪਾਲ ਅਤੇ ਹੋਰ ਬਨਾਮ ਪੰਜਾਬ ਸਰਕਾਰ, ਸਿਵਲ ਰਿੱਟ ਪਟੀਸ਼ਨ ਨੰਬਰ 32047 ਆਫ 2024 ਦੇਵਿੰਦਰ ਸਿੰਘ ਅਤੇ ਹੋਰ ਬਨਾਮ ਪੰਜਾਬ ਸਰਕਾਰ, ਸਿਵਲ ਰਿੱਟ ਪਟੀਸ਼ਨ ਨੰਬਰ 13019 ਆਫ 2024 ਬੇਅੰਤ ਸਿੰਘ ਅਤੇ ਹੋਰ ਬਨਾਮ ਪੰਜਾਬ ਸਰਕਾਰ, ਸਿਵਲ ਰਿੱਟ ਪਟੀਸ਼ਨ ਨੰਬਰ 5583 ਆਫ 2025 ਰਘਵੀਰ ਸਿੰਘ ਅਤੇ ਹੋਰ ਬਨਾਮ ਪੰਜਾਬ ਸਰਕਾਰ ਵਿਚ ਕ੍ਰਮਵਾਰ ਮਿਤੀ 4.12.2024, 28.11.2024, 29.05.2024 ਅਤੇ ਮਿਤੀ 28.02.2025 ਨੂੰ ਦਿੱਤੇ ਫੈਸਲਿਆਂ ਅਤੇ ਮਾਨਯੋਗ ਅਦਾਲਤ ਵਿਚ ਪੈਂਡਿੰਗ ਸਿਵਲ ਰਿੱਟ ਪਟੀਸ਼ਨ ਨੰ: 14307 ਆਫ 2020 ਲਖਵੀਰ ਸਿੰਘ ਅਤੇ ਹੋਰ ਬਨਾਮ ਪੰਜਾਬ ਸਰਕਾਰ ਨੂੰ ਮੁੱਖ ਰੱਖਦੇ ਹੋਏ ਵਿਭਾਗ ਵੱਲੋਂ ਫੈਸਲਾ ਲਿਆ ਜਾਂਦਾ ਹੈ ਕਿ 5178 ਭਰਤੀ ਅਧੀਨ ਕੰਮ ਕਰ ਰਹੇ ਸਾਰੇ ਕਰਮਚਾਰੀਆਂ, ਜਿਹਨਾਂ ਦੀ ਭਰਤੀ ਇਸ਼ਤਿਹਾਰ ਮਿਤੀ 9.9.2012 ਰਾਹੀਂ ਕੀਤੀ ਗਈ ਸੀ, ਭਾਵੇਂ ਉਹ ਪਟੀਸ਼ਨਰਜ਼ ਹੋਣ ਜਾਂ ਨਾਨ ਪਟੀਸ਼ਨਰਜ਼, ਨੂੰ ਉਹਨਾਂ ਦੀ 3 ਸਾਲ ਦੀ ਠੇਕੇ ਆਧਾਰਿਤ ਕੀਤੀ ਗਈ ਸੇਵਾ ਮੁਕੰਮਲ ਕਰਨ ਉਪਰੰਤ ਰੈਗੂਲਰ ਹੋਣ ਦੀ ਮਿਤੀ ਭਾਵ 2 ਸਾਲ ਦਾ ਪਰਖਕਾਲ ਸਮਾਂ ਸ਼ੁਰੂ ਹੋਣ ਦੀ ਮਿਤੀ ਤੋਂ ਪੂਰੀ ਤਨਖਾਹ ਦਿੱਤੀ ਜਾਂਦੀ ਹੈ।

ਮਿਤੀ, ਚੰਡੀਗੜ੍ਹ
25.07.2025

ਅਨਿੰਦਿਤਾ ਮਿਤਰਾ, ਆਈ.ਏ.ਐਸ,
ਸਕੱਤਰ ਪੰਜਾਬ ਸਰਕਾਰ,
ਸਕੂਲ ਸਿੱਖਿਆ ਵਿਭਾਗ, ਚੰਡੀਗੜ੍ਹ।

ਪਿੱਠ ਅੰਕਣ ਨੰ: ਉਕਤ SED-EDU5020/59/2025-4EDU5/1160631(1-4)ਮਿਤੀ, ਚੰਡੀਗੜ੍ਹ 25 ਜੁਲਾਈ, 2025

ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਡਾਇਰੈਕਟਰ ਸਕੂਲ ਸਿੱਖਿਆ (ਸੈ.ਸਿੱ), ਪੰਜਾਬ।
2. ਡਾਇਰੈਕਟਰ ਐਸ.ਸੀ.ਈ.ਆਰ.ਟੀ, ਪੰਜਾਬ।
3. ਰਾਜ ਦੇ ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ) ਪੰਜਾਬ ਨੂੰ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਸਬੰਧਤ ਸਕੂਲ ਮੁੱਖੀਆਂ ਨੂੰ ਇਨ੍ਹਾਂ ਹੁਕਮਾਂ ਅਨੁਸਾਰ ਯੋਗ ਕਾਰਵਾਈ ਕਰਨ ਦੀ ਹਦਾਇਤ ਕੀਤੀ ਜਾਵੇ।
4. ਡਾਇਰੈਕਟਰ ਸਕੂਲ ਸਿੱਖਿਆ, ਯੂ.ਟੀ, ਚੰਡੀਗੜ੍ਹ।

ਦਫ਼ਤਰ ਜਿਲਾ ਸਿੱਖਿਆ ਅਫ਼ਸਰ (ਸੈ.ਸਿ) ਫਰੀਦਕੋਟ
ਸੁਪਰਡੰਟ 25/07/2025
ਪਿੱਠਅੰਕਣ ਨੰ. ਸ-ਅ-1/1(7)/2025/777 ਮਿਤੀ 28/07/2025
ਉਪਰੋਕਤ ਦਾ ਉਤਾਰਾ ਸਮੂਹ ਸਕੂਲ ਮੁਖੀਆਂ ਨੂੰ ਯੋਗ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਜ਼ਿਲਾ ਸਿੱਖਿਆ ਅਫ਼ਸਰ (ਸੈ.ਸਿ)
ਫਰੀਦਕੋਟ